# ਪੰਜਾਬ ਵੰਡ ਅਤੇ ਗੁਰਭਜਨ ਗਿੱਲ ਦੀ ਕਾਵਿ-ਸਿਰਜਣ ਪ੍ਰਕਿਰਿਆ

***ਡਾ. ਗੁਰਵਿੰਦਰ ਕੌਰ,**
**ਸਹਾਇਕ ਪ੍ਰੋਫ਼ੈਸਰ,**
**ਦ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ,**
**ਪਟਿਆਲਾ।**
**ਮੋ. 98763-94675**

1947 ਦੀ ਭਾਰਤ ਵੰਡ ਕੁੱਲ ਆਲਮ ਵਿਚ ਅਜਿਹੀ ਤ੍ਰਾਸਦਿਕ ਘਟਨਾ ਸੀ, ਜਿਸ ਵਿੱਚ ਸਰਕਾਰੀ ਅੰਕੜਿਆਂ ਦੇ ਮੁਤਾਬਕ ਦਸ ਲੱਖ ਦੇ ਕਰੀਬ ਅਵਾਮ ਦਾ ਕਤਲ ਹੋਇਆ। ਓਪਰੀ ਪੱਧਰ ’ਤੇ ਇਹ ਵੰਡ ਭਾਰਤ ਅਤੇ ਪਾਕਿਸਤਾਨ ਦੋ ਮੁਲਕਾਂ ਦੀ ਸਥਾਪਤੀ ਹੀ ਜਾਪਦੀ ਹੈ, ਪਰੰਤੂ ਗਹਿਨ ਪੱਧਰ ਤੋਂ ਵੇਖਦਿਆਂ/ਸਮਝਦਿਆਂ ਇਹ ਪੰਜਾਬ ਦੀ ਵੰਡ ਵਧੇਰੇ ਜਾਪਦੀ ਹੈ। ਨਿਰਸੰਦੇਹ ਅੰਗਰੇਜ਼ ਹਕੂਮਤ ਦੀ ਮਜ਼ਹਬ ਦੇ ਆਧਾਰ ’ਤੇ ‘ਪਾੜੋ ਅਤੇ ਰਾਜ ਕਰੋ’ ਦੀ ਨੀਤੀ ਦਾ ਸਭ ਤੋਂ ਵੱਧ ਸੰਤਾਪ ਪੰਜਾਬ ਨੂੰ ਹੰਢਾਉਣਾ ਪਿਆ। ਖ਼ੁਸ਼ਗਵਾਰ ਸਭਿਆਚਾਰਕ ਸਾਂਝ ਵਿੱਚ ਵੱਸਦਾ ਪੰਜਾਬ ਦੋਫਾੜ ਹੋ ਕੇ ਪੂਰਬੀ ਤੇ ਪੱਛਮੀ ਪੰਜਾਬ ਵਿੱਚ ਟੁੱਟ ਕੇ ਅਸਹਿ ਪੀੜਾਂ ਦੇ ਮਾਹੌਲ ਵਿੱਚ ਬਦਲ ਗਿਆ। ਇਸ ਵੰਡ ਨੇ ਪੰਜਾਬ ਦੀ ਸਮਾਜਿਕ, ਸੱਭਿਆਚਾਰਕ, ਧਾਰਮਿਕ, ਕਲਾ ਅਤੇ ਸਾਹਿਤ ਦੀ ਵੰਨਸੁਵੰਤਾ ਨੂੰ ਵੀ ਵੰਡ ਦਿੱਤਾ। ਇਹ ਬਟਵਾਰਾ ਪੰਜਾਬ ਨੂੰ ਅਜਿਹੀ ਸੱਟ ਸੀ ਜਿਸ ਦੀ ਕਸਕ ਅੱਜ ਵੀ ਇੰਨ-ਬਿੰਨ ਬਰਕਰਾਰ ਹੈ। ਡਾ. ਕਰਨੈਲ ਸਿੰਘ ਥਿੰਦ ਇਸ ਬਾਬਤ ਲਿਖਦੇ ਹਨ ਕਿ :

> ਦੇਸ਼ ਦੀ ਆਜ਼ਾਦੀ ਪੰਜਾਬ ਲਈ ਠੀਕ ਹੀ ਬਰਬਾਦੀ ਦੀ ਡੈਣ ਦੇ ਰੂਪ ਵਿੱਚ ਆਈ ਅਤੇ ਪੰਜਾਬੀਆਂ ਨੂੰ ਇਸ ਦਾ ਬਹੁਤ ਵੱਡਾ ਮੁੱਲ ਤਾਰਨਾ ਪਿਆ। ਆਜ਼ਾਦੀ ਦੀ ਅੱਧੀ ਸਦੀ ਗੁਜ਼ਰ ਜਾਣ ਤੋਂ ਪਿੱਛੋਂ ਵੀ ਦੋਹਾਂ ਦੇਸ਼ਾਂ ਵਿਚਕਾਰ ਨਫ਼ਰਤ ਨੇ ਪਿੱਛਾ ਨਹੀਂ ਛੱਡਿਆ ਅਤੇ ਆਨੇ ਬਹਾਨੇ ਹਰ ਤੀਜੇ ਦਿਨ ਭਾਰਤ-ਪਾਕ ਦੇ ਫੌਜੀ ਹੱਦਾਂ ਦੇ ਦੋਹੀਂ ਪਾਸੇ ਸੰਗੀਨਾਂ ਨਾਲ ਲੈਸ ਮਰ-ਮਿਟਣ ਲਈ ਤਿਆਰ ਨਜ਼ਰ ਆਉਂਦੇ ਹਨ।[1]

ਇਸ ਵੰਡ ਨੇ ਪਾਕਿਸਤਾਨ ਅਤੇ ਭਾਰਤ ਵਿਚਾਲੇ ਐਸੀ ਲਕੀਰ ਖਿੱਚੀ ਜੋ ਅੱਜ ਤਕ ਮਿਟਣ ਦੀ ਬਜਾਏ ਦਿਨ ਪ੍ਰਤੀ ਦਿਨ ਹੋਰ ਗੂੜੀ ਹੁੰਦੀ ਜਾ ਰਹੀ ਹੈ। ਫਲਸਰੂਪ “ਹਿੰਦੁਸਤਾਨ ਪਾਕਿਸਤਾਨ ਦੇ ਸਿਆਸੀ ਸੰਬੰਧ ਪੱਕੀ ਤਰ੍ਹਾਂ ਤਾਂ ਕੀ ਸੁਧਰਨੇ ਸਨ ਆਰਜੀ ਤੌਰ ’ਤੇ ਵੀ ਠੀਕ ਨਹੀਂ ਹੋਏ, ਇਲਜ਼ਾਮ ਤਰਾਸ਼ੀ ਅਤੇ ਤਣਾਓ ਵਧਿਆ। ਕਦੀ ਕਸ਼ਮੀਰ ਕਰਕੇ ਕਦੀ ਸਿੱਧਮ ਸਿੱਧਾ ਬਾਡਰਾਂ ’ਤੇ ਹੱਲਾ ਹੋ ਜਾਂਦਾ।”[2] ਦਰਅਸਲ ਬਹੁਤ ਸਾਰੇ ਪੱਖ ਹਨ, ਜਿਨ੍ਹਾਂ ਕਰਕੇ ਇਹ ਵੰਡ, ਜਿਸ ਨੂੰ ਆਜ਼ਾਦੀ ਵੀ ਕਿਹਾ ਗਿਆ, ਇੱਕ ਅਖੌਤੀ ਆਜ਼ਾਦੀ ਸਾਬਤ ਹੁੰਦੀ ਹੈ। ਬ੍ਰਿਟਿਸ਼ ਹਕੂਮਤ ਦੀ ਗ਼ੁਲਾਮੀ ਦੇ ਡੂੰਘੇ ਅਹਿਸਾਸ ਦੇ ਮਾਰੇ ਹੋਏ ਲੋਕਾਂ ਦੇ ਅੰਦਰ ਭਾਵੇਂ

ਇਹ ਵੰਡ ਇੱਕ ਉਜਾੜਾ ਸੀ। ਪਰੰਤੂ ਦੂਜੇ ਪਾਸੇ ਇਸ ਤੋਂ ਮੁਕਤ ਹੋਣਾ ਉਹਨਾਂ ਦਾ ਸੁਪਨਾ ਬਣ ਗਿਆ, ਜਿਸ ਲਈ ਉਹਨਾਂ ਲੰਮਾ ਸੰਘਰਸ਼ ਵੀ ਕੀਤਾ। ਉਹ ਇੱਕ ਸੁਪਨਾ ਲੈ ਕੇ ਕਾਫ਼ਲਿਆਂ ਸੰਗ ਤੁਰੇ ਕਿ ਦੇਸ਼ ਆਜ਼ਾਦ ਹੋਣ ਉਪਰੰਤ ਉਹਨਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਹੋ ਜਾਵੇਗਾ। ਪਰੰਤੂ, ਉਹਨਾਂ ਦੇ ਸੁਪਨੇ ਜਦ ਹਕੀਕਤ ਨਾਲ ਟਕਰਾਉਂਦੇ ਹਨ ਤਾਂ ਇੱਕ ਭਰਮ ਵਾਂਗ ਟੁੱਟਦੇ ਜਾਂਦੇ ਹਨ। ਵੰਡ ਦੇ ਪ੍ਰਭਾਵ ਹੇਠ ਵੱਖ-ਵੱਖ ਅਦੀਬਾਂ ਨੇ ਇਸ ਪੀੜ ਅਤੇ ਦੁਖਾਂਤ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਅਤੇ ਕਵਿਤਾ, ਕਹਾਣੀ, ਨਾਵਲ, ਨਾਟਕ ਆਦਿ ਦੇ ਮਾਧਿਅਮ ਰਾਹੀਂ ਵੰਡ ਦੇ ਦੁਖਾਂਤ, ਇਸਦੇ ਕਾਰਨਾਂ ਅਤੇ ਪੈਦਾ ਹੋਏ ਮਸਲਿਆਂ ਦੀ ਤਹਿ ਹੇਠਲੀ ਹਕੀਕਤ ਨੂੰ ਪੇਸ਼ ਕਰਨ ਦਾ ਯਤਨ ਕੀਤਾ। ਭਾਰਤ ਦੀ ਤਾਰੀਖ਼ ਵਿੱਚ ਇਹ ਇੱਕ ਅਜਿਹੀ ਘਟਨਾ ਸੀ ਜਿਸ ਨੂੰ ਕੋਈ ਵੀ ਇੰਨੇ ਵਰ੍ਹੇ ਬੀਤ ਜਾਣ ਬਾਅਦ ਵੀ ਭੁਲਾ ਨਹੀਂ ਸਕਿਆ। ਅਜੋਕੇ ਸਾਹਿਤ ਵਿੱਚ ਵੀ ਇਸ ਮੰਜ਼ਰ ਨੂੰ ਕਲਮੀਂ ਜਾਮਾ ਪਹਿਨਾਇਆ ਜਾ ਰਿਹਾ ਹੈ। ਇਸੇ ਸੰਦਰਭ ਵਿੱਚ ਅਜੋਕੀ ਪੰਜਾਬੀ ਕਵਿਤਾ ਦੇ ਸਿਰਮੌਰ ਕਵੀ ਗੁਰਭਜਨ ਗਿੱਲ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਉਹਨਾਂ ਵੱਲੋਂ ਸਿਰਜਿਆ ਗਿਆ **ਖ਼ੈਰ ਪੰਜਾਂ ਪਾਣੀਆਂ ਦੀ (2005, 2006, 2009 ਅਤੇ 2022)** ਕਾਵਿ-ਸੰਗ੍ਰਹਿ ਸਮੁੱਚੇ ਰੂਪ ਵਿੱਚ ਵੰਡ ਦੇ ਦਰਦ ਨੂੰ ਜ਼ੁਬਾਨ ਦਿੰਦਾ ਹੈ। ਇਸ ਸੰਗ੍ਰਹਿ ਦੀ ਗੌਰਵਤਾ ਦਾ ਅੰਦਾਜ਼ਾ ਇਸਦੇ ਮੁਸਲਸਲ ਪ੍ਰਕਾਸ਼ਿਤ ਹੁੰਦੇ ਵੱਖ-ਵੱਖ ਐਡੀਸ਼ਨਾਂ ਤੋਂ ਸਹਿਜੇ ਹੀ ਲੱਗ ਜਾਂਦਾ ਹੈ। ਇਹ ਸੰਗ੍ਰਹਿ ਪਿਛਲੇ ਲਗਭਗ ਦੋ ਦਹਾਕਿਆਂ ਤੋਂ ਪਾਠਕ ਵਰਗ ਵੱਲੋਂ ਲਗਾਤਾਰ ਪੜ੍ਹਿਆ-ਸਤਿਕਾਰਿਆ ਜਾ ਰਿਹਾ ਹੈ। ਇਸ ਮਕਬੂਲੀਅਤ ਕਰਕੇ ਹੁਣ ਇਹ ਸ਼ਾਹਮੁਖੀ ਅੱਖਰਾਂ ਵਿਚ ਵੀ ਪ੍ਰਕਾਸ਼ਿਤ ਹੋ ਗਿਆ ਹੈ। ਕਿਹਾ ਜਾ ਸਕਦਾ ਹੈ ਕਿ ਗੁਰਭਜਨ ਗਿੱਲ ਦੇ ਇਸ ਕਾਵਿ-ਸੰਗ੍ਰਹਿ ਨੂੰ ਸਾਂਝੇ ਪੰਜਾਬ ਦੀ ਅਵਾਮ ਵੱਲੋਂ ਮੁਹੱਬਤ ਨਾਲ ਨਿਵਾਜਿਆ ਜਾ ਚੁੱਕਾ ਹੈ।

ਗੁਰਭਜਨ ਗਿੱਲ ਦਾ ਜਨਮ ਗੁਰਦਾਸਪੁਰ ਜ਼ਿਲ੍ਹੇ ਦੇ ਸਰਹੱਦੀ ਇਲਾਕੇ ਦੀ ਤਹਿਸੀਲ ਡੇਰਾ ਬਾਬਾ ਨਾਨਕ ਦੇ ਅਧੀਨ ਆਉਂਦੇ ਪਿੰਡ ਬਸੰਤ ਕੋਟ ਵਿਖੇ ਸਰਦਾਰ ਹਰਨਾਮ ਸਿੰਘ ਗਿੱਲ ਤੇ ਮਾਤਾ ਤੇਜ ਕੌਰ ਦੇ ਘਰ 2 ਮਈ, 1953 ਨੂੰ ਹੋਇਆ। ਬੇਸ਼ੱਕ ਉਸਦਾ ਦਾ ਜਨਮ ਵੰਡ ਤੋਂ ਛੇ ਸਾਲ ਬਾਅਦ ਹੋਇਆ। ਫਿਰ ਵੀ ਆਪਣੇ ਪਰਿਵਾਰ ਤੋਂ ਸੁਣੀਆਂ ਵੰਡ ਦੀਆਂ ਖ਼ੌਫ਼ਨਾਕ ਘਟਨਾਵਾਂ ਵਿਚਲੇ ਮੰਜ਼ਰ ਅਤੇ ਸੰਤਾਪ ਨੇ ਉਸਦੀ ਮਾਨਸਿਕਤਾ ਨੂੰ ਡੂੰਘੀ ਤਰ੍ਹਾਂ ਝੰਜੋੜਿਆ, ਜਿਸ ਕਰਕੇ ਇਹ ਸਰੋਕਾਰ ਉਸਦੀ ਸਿਰਜਣਾ ਵਿੱਚ ਕਈ ਦਫ਼ਾ ਰੂਪਾਂਤਰਿਤ ਹੁੰਦਾ ਹੈ। ਉਸ ਤੋਂ ਪੂਰਵ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਅਹਿਮਦ ਰਾਹੀ, ਉਸਤਾਦ ਦਾਮਨ ਅਤੇ ਪੰਜਾਬੀ ਦੇ ਹੋਰ ਕਈ ਕਵੀਆਂ ਨੇ ਵੰਡ ਦੀ ਤ੍ਰਾਸਦੀ ਦੇ ਬਿੰਬ ਆਪਣੀ ਕਵਿਤਾ ਰਾਹੀਂ ਪੇਸ਼ ਕੀਤੇ ਹਨ। ਗੁਰਭਜਨ ਗਿੱਲ ਦੀ ਕਵਿਤਾ ਵਿੱਚ ਇਸ ਦੁਖਾਂਤ ਦਾ ਬੜਾ ਮਾਰਮਿਕ ਬਿੰਬ ਸਿਰਜਿਆ ਗਿਆ ਹੈ। ਪਰੰਤੂ ਉਸਦੀ ਵੱਖਰਤਾ ਵੰਡ ਦੇ ਮਾਰਮਿਕ ਬਿੰਬਾਂ ਵਿੱਚੋਂ ਗੁਜ਼ਰਨ ਤੋਂ ਬਾਅਦ ਭਾਰਤ-ਪਾਕਿਸਤਾਨ ਦੋਹਾਂ ਦੇਸ਼ਾਂ ਦੇ ਲੋਕਾਂ ਦੀ ਆਪਸੀ ਸਾਂਝ ਨੂੰ ਵਧਾਉਣ ਅਤੇ ਨਫ਼ਰਤ ਨੂੰ ਖ਼ਤਮ ਕਰਨ ਦਾ ਸੰਦੇਸ਼ ਦੇਣ ਵਿੱਚ ਨਿਹਿਤ ਹੈ। **ਖ਼ੈਰ ਪੰਜਾਂ ਪਾਣੀਆਂ ਦੀ** ਪੁਸਤਕ ਦੀ ਇਸੇ ਖ਼ੂਬੀ ਦੇ ਮੱਦੇਨਜ਼ਰ ਆਸਿਫ਼

ਰਜਾ ਨੇ ਇਸ ਕਾਵਿ-ਸੰਗ੍ਰਹਿ ਦਾ ਸ਼ਾਹਮੁਖੀ ਜ਼ੁਬਾਨ ਵਿੱਚ ਤਰਜਮਾ ਕੀਤਾ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਅਵਾਮ ਤਕ ਪਹੁੰਚਣ ਕਰਕੇ ਇਹ ਪੁਸਤਕ ਆਪਣੇ ਆਪ ਵਿੱਚ ਇੱਕ ਸਾਂਝ ਦੇ ਪੁਲ਼ ਦਾ ਕੰਮ ਕਰਦੀ ਵੀ ਨਜ਼ਰੀਂ ਪੈਂਦੀ ਹੈ।

ਗ਼ੌਰਤਲਬ ਹੈ ਕਿ **ਖ਼ੈਰ ਪੰਜਾਂ ਪਾਣੀਆਂ ਦੀ** ਪੁਸਤਕ ਵਿੱਚ ਬੇਸ਼ੱਕ ਗੁਰਭਜਨ ਗਿੱਲ ਦਾ ਮੂਲ ਸਰੋਕਾਰ ਭਾਵੇਂ ਵੰਡ ਦੇ ਇਰਦ-ਗਿਰਦ ਘੁੰਮਦਾ ਹੈ, ਪਰੰਤੂ ਕਵਿਤਾ, ਗੀਤ ਅਤੇ ਗ਼ਜ਼ਲ ਕਾਵਿ-ਰੂਪਾਂ ਦੀ ਸਿਰਜਣਾ ਰਾਹੀਂ ਉਸਨੇ ਰੂਪ ਪੱਖੋਂ ਵੰਨਸੁਵੰਤਾ ਨੂੰ ਬਣਾਈ ਰੱਖਿਆ ਹੈ। ਇਸ ਦੇ ਸਿਰਲੇਖ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਸਨੇ ਇਹਨਾਂ ਕਵਿਤਾਵਾਂ ਵਿੱਚ ਚੜ੍ਹਦੇ ਅਤੇ ਲਹਿੰਦੇ ਪੰਜਾਬ ਨੂੰ ਟੋਟਿਆਂ ਵਿੱਚ ਵੰਡ ਕੇ ਵੇਖਣ ਦੀ ਬਜਾਏ ਸਾਂਝੇ ਪੰਜਾਬ ਭਾਵ ਪੰਜ ਦਰਿਆਵਾਂ ਵਾਲੇ ਪੰਜਾਬ ਨੂੰ ਮੁਖ਼ਾਤਿਬ ਹੋ ਕੇ ਲਿਖਿਆ ਹੈ। ਇਸ ਰਚਨਾ ਰਾਹੀਂ ਉਹ ਲਗਾਤਾਰ ਦੋਵਾਂ ਮੁਲਕਾਂ ਦੀ ਸਾਂਝ ਦੇ ਸੂਤਰ ਨੂੰ ਆਪਣੇ ਜ਼ਿਹਨ ਅੰਦਰ ਰੱਖਦਾ, ਦੋਵਾਂ ਦੀ ਸਲਾਮਤੀ ਅਤੇ ਆਪਸੀ ਭਾਈਚਾਰਕ ਸਾਂਝ/ਪਿਆਰ ਵਧਾਉਣ ਦਾ ਸੰਦੇਸ਼ ਦਿੰਦਾ ਹੈ। ਉਹ ਵਰਤਮਾਨ ਵਿੱਚ ਖਲੋ ਕੇ ਅਤੀਤ ਦੀ ਬਾਤ ਪਾਉਂਦਾ ਹੈ। ਉਹ ਅਤੀਤ ਜੋ ਨਾ ਭੁੱਲਣਯੋਗ ਹੈ, ਜਿਸ ਨੂੰ ਭਾਵੇਂ ਉਸਨੇ ਖ਼ੁਦ ਆਪਣੇ ਪਿੰਡੇ ਉੱਤੇ ਨਹੀਂ ਹੰਢਾਇਆ। ਪਰੰਤੂ, ਆਪਣੇ ਬਾਪ-ਦਾਦੇ ਤੋਂ ਸੁਣੇ ਵਿਖਿਆਨ ਨੇ ਉਸ ਦੀ ਰੂਹ ਨੂੰ ਇੱਥੋਂ ਤਕ ਹਲੂਣਿਆ ਹੈ ਕਿ ਅੱਜ ਵੀ ਉਸ ਅੰਦਰ ਉਸ ਧਰਤੀ ਦੀ ਸਿੱਕ ਹੈ। ਉਥੇ ਜਾਣ ਦੀਆਂ ਰੋਕਾਂ ਤੋਂ ਉਹਦੇ ਅੰਦਰ ਰੋਸ ਵੀ ਪੈਦਾ ਹੁੰਦਾ ਹੈ :

ਆਪਣੇ ਘਰ ਪਰਦੇਸੀਆਂ ਵਾਂਗੂੰ, ਪਰਤਣ ਦਾ ਅਹਿਸਾਸ ਕਿਉਂ ਹੈ?<br>
ਮੈਂ ਸੰਤਾਲੀ ਮਗਰੋਂ ਜੰਮਿਆਂ, ਮੇਰੇ ਪਿੰਡੇ ਲਾਸ ਕਿਉਂ ਹੈ?[3]

ਇਸ ਕਾਵਿ-ਸੰਗ੍ਰਹਿ ਰਾਹੀਂ ਕਵੀ ਨੇ ਦੇਸ਼ ਵੰਡ ਦੇ ਦਰਦ ਨੂੰ ਬਹੁਤ ਉਭਰਵੇਂ ਅਤੇ ਮਾਰਮਿਕ ਰੂਪ ਵਿੱਚ ਉਜਾਗਰ ਕੀਤਾ ਹੈ। ਉਹ ਅਤੀਤ ਦੇ ਉਸ ਸਮੇਂ ਨੂੰ ਚਿਤਵਦਾ ਹੈ, ਜਿੱਥੇ ਹਿੰਦੂ, ਮੁਸਲਮਾਨ ਅਤੇ ਸਿੱਖ ਇੱਕ ਸੱਭਿਆਚਾਰਕ ਸਾਂਝ ਬਣਾ ਕੇ ਰਹਿੰਦੇ ਹਨ। ਪਰੰਤੂ, ਇਸ ਨਾਮ ਧਰੀਕ ਆਜ਼ਾਦੀ ਨੇ ਸਾਰਾ ਪੰਜਾਬ ਜੰਗ ਦਾ ਮੈਦਾਨ ਬਣਾ ਦਿੱਤਾ। ਇਹ ਭਾਈਚਾਰਕ ਸਾਂਝ ਫ਼ਿਰਕੂ-ਫ਼ਸਾਦ ਦੀ ਭੇਟ ਚੜ੍ਹ ਗਈ। ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਦੋਹਾਂ ਭਾਗਾਂ ਵਿੱਚ ਹਿੰਦੂ, ਮੁਸਲਮਾਨ ਤੇ ਸਿੱਖ ਦੀ ਕਤਲੋਗਾਰਤ ਹੋਣੀ ਸ਼ੁਰੂ ਹੋ ਗਈ। ਇਸ ਦੇ ਸਿੱਟੇ ਇੰਨੇ ਭਿਆਨਕ ਨਿਕਲੇ ਕਿ ਜਿਨ੍ਹਾਂ ਪਰਿਵਾਰਾਂ ਨੇ ਇਸ ਕੋਹਰਾਮ ਨੂੰ ਆਪਣੇ ਪਿੰਡੇ ਤੇ ਹੰਢਾਇਆ, ਉਹਨਾਂ ਦੇ ਜ਼ਖ਼ਮ ਅੱਜ ਵੀ ਉਹਨਾਂ ਦੀ ਮਾਨਸਿਕਤਾ ਅੰਦਰ ਨਾਸੂਰ ਬਣਕੇ ਰਿਸਦੇ ਰਹਿੰਦੇ ਹਨ। ਕਵੀ ਲਿਖਦਾ ਹੈ ਕਿ :

ਕਦੇ ਮੁਹੰਮਦ ਨਾਲ ਰਾਮ ਦਾ, ਰੌਲਾ ਨਹੀਂ ਸੀ ਸੁਣਿਆ।<br>
ਸ਼ਾਮ ਲਾਲ ਦੇ ਮੱਥੇ ਤੱਕਿਆ, ਮੈਂ ਚੰਨ ਤਾਰਾ ਖੁਣਿਆ।<br>
ਜਿਹੜੇ ਫੁੱਲਾਂ ਦੇ ਵਣਜਾਰੇ, ਅੱਜ ਬਣ ਗਏ ਤੇਗਾਂ ਤੀਰਾਂ ਦੇ।

ਸਾਡੀ ਪਾਟ ਗਈ ਫੁਲਕਾਰੀ, ਹੱਥਾਂ ਵਿੱਚ ਟੋਟੇ ਲੀਰਾਂ ਦੇ।[4]

1947 ਦੀ ਵੰਡ ਅਤੇ ਇਸ ਅਖੌਤੀ ਆਜ਼ਾਦੀ ਨੂੰ ਆਮ ਅਵਾਮ ਨੇ ਸਵੀਕਾਰ ਨਾ ਕੀਤਾ। ਇਸ ਵੇਲ਼ੇ ਦੇ ਹਾਲਾਤ ਬੰਦੇ ਲਈ ਪਛਾਣ ਦਾ ਸੰਕਟ ਬਣ ਗਏ। ਉਸ ਉੱਪਰ ਹੋਂਦ-ਅਣਹੋਂਦ ਦੇ ਸੰਕਟ ਮੰਡਰਾਉਣ ਲੱਗੇ। ਉਹਨਾਂ ਲਈ ਆਪਣੇ ਹੱਸਦੇ-ਵੱਸਦੇ ਘਰਾਂ ਨੂੰ ਛੱਡ ਕੇ ਨਵੀਂ ਧਰਤੀ ਉੱਤੇ ਜਾ ਵੱਸਣਾ ਅਸਲੋਂ ਅਸਹਿਣਯੋਗ ਸੀ। ਇਸ ਦੇ ਨਾਲ ਹੀ ਔਰਤਾਂ ਨੂੰ ਉਧਾਲ ਕੇ, ਉਹਨਾਂ ਦੀ ਬੇਪੱਤੀ ਕਰਕੇ, ਜੋ ਵਹਿਸ਼ੀਪੁਣਾ ਦਿਖਾਇਆ ਗਿਆ, ਅਜਿਹੀਆਂ ਹਰਕਤਾਂ ਨੇ ਉਹਨਾਂ ਦਾ ਪੂਰਾ ਭਵਿੱਖ ਹਨੇਰੇ ਨਾਲ ਭਰ ਦਿੱਤਾ। ਵਹਿਸ਼ੀਪੁਣਾ ਦਿਖਾਉਣ ਵਾਲਿਆਂ ਨੂੰ ਉਸਨੇ ਬਘਿਆੜ ਅਤੇ ਕੁੱਤੇ ਆਦਿ ਮੈਟਾਫਰ ਰਾਹੀਂ ਪੇਸ਼ ਕੀਤਾ ਹੈ :

ਜਦੋਂ ਬੇਸ਼ਰਮੀ ਦੀ ਪਾਣ ਚੜ੍ਹੀ ਸੀ,
ਧਰਮਾਂ ਦੇ ਹਥਿਆਰਾਂ ਨੂੰ।
ਤੂੰ ਤੱਕਦਾ ਝੱਗੋ ਝੱਗ ਹੋਏ,
ਪਾਗਲਾਂ ਬੰਦਿਆਂ ਦੀ ਵਾਹਰਾਂ ਨੂੰ।
ਜੇ ਤੱਕਦਾ ਤੂੰ ਬਘਿਆੜ ਬਣੇ,
ਕੁੱਤਿਆਂ ਹੱਥ ਕੈਦਣ ਨਾਰਾਂ ਨੂੰ।
ਜਿਨ੍ਹਾਂ ਦੇ ਹੱਥਾਂ ਅੱਜ ਤੱਕ ਵੀ,
ਸ਼ਗਨਾਂ ਦੀ ਵੇਖੀ ਮਹਿੰਦੀ ਨਹੀਂ।[5]

ਧਰਮ ਦੇ ਨਾਮ ਉੱਤੇ ਫੈਲਾਈ ਫ਼ਿਰਕਾਪ੍ਰਸਤੀ, ਸਿਆਸਤਦਾਨਾਂ ਵੱਲੋਂ ਲੋਕਾਂ ਦੀ ਆਰਥਿਕ, ਸਮਾਜਿਕ, ਰਾਜਨੀਤਿਕ ਪੱਖੋਂ ਹਰ ਪ੍ਰਕਾਰ ਦੀ ਲੁੱਟ, ਗ਼ਰੀਬਾਂ ਨੂੰ ਵਿੱਦਿਆ, ਹੋਰ ਸਹੂਲਤਾਂ ਤੇ ਚੰਗੀ ਜ਼ਿੰਦਗੀ ਤੋਂ ਵਾਂਝਿਆਂ ਕਰਨਾ ਅਤੇ ਇਸ ਅਖੌਤੀ ਆਜ਼ਾਦੀ ਦੇ ਭੇਖ ਹੇਠ ਆਮ ਮਨੁੱਖ ਦੀ ਲਾਚਾਰੀ ਆਦਿ ਨੂੰ ਸ਼ਾਇਰ ਨੇ ਸੰਵੇਦਨਸ਼ੀਲਤਾ ਅਤੇ ਸੁਹਿਰਦਤਾ ਨਾਲ ਸਿਰਜਿਆ ਹੈ। ਨਿਰਸੰਦੇਹ ਗੁਰਭਜਨ ਗਿੱਲ ਦੱਬੇ ਕੁਚਲੇ ਕਿਰਤੀ ਵਰਗ ਦਾ ਸ਼ਾਇਰ ਹੈ। ਇਸੇ ਕਰਕੇ ਉਸ ਦਾ ਕਾਵਿ ਮੁਹਾਵਰਾ ਵੀ ਲੋਕ ਬੋਲੀ ਨਾਲ ਕਰੀਬੀ ਨਾਤਾ ਰੱਖਦਾ ਹੈ । ਨਿੱਜੀ ਸ਼ਖ਼ਸੀਅਤ ਵਾਂਗ ਉਸਦੀ ਕਾਵਿ- ਸ਼ੈਲੀ ਵੀ ਉਨੀ ਹੀ ਬੇਬਾਕ ਅਤੇ ਸੰਚਾਰ ਯੁਕਤ ਹੈ। ਉਹ ਦੇਸ਼ ਦੀ ਆਜ਼ਾਦੀ ਨੂੰ ਹਾਕਮ ਜਮਾਤ ਵੱਲੋਂ ਕੀਤੀ ਗਈ ਲੁੱਟ ਅਤੇ ਹਾਕਮਾਂ ਦੇ ਵਿਕਾਸ ਦੀ ਆਜ਼ਾਦੀ ਵਜੋਂ ਪੇਸ਼ ਕਰਦਾ ਹੈ :

ਜੋ ਉਧਰ ਵੀ ਧਨਵੰਤੇ ਸੀ,
ਉਹ ਇਧਰ ਵੀ ਰਜਵਾੜੇ ਨੇ।
ਡਾਢੇ ਦੀ ਸ਼ਾਨ ਸਲਾਮਤ ਹੈ,
ਲਿਸਿਆਂ ਨੂੰ ਪੈਂਦੇ ਧਾੜੇ ਨੇ।[6]

ਆਜ਼ਾਦੀ ਬਾਰੇ ਉਪਰੋਕਤ ਕਿਸਮ ਦੇ ਵਿਚਾਰ ਸੰਤ ਰਾਮ ਉਦਾਸੀ ਵੀ ਆਪਣੀ ਕਵਿਤਾ ਵਿਚ ਅਭਿਵਿਅਕਤ ਕਰਦਾ ਹੈ :

ਵਿਹਲੜਾਂ ਨੇ ਮਾਣਿਆ ਸਵਾਦ ਹੈ ਆਜ਼ਾਦੀਆਂ ਦਾ,
ਕਾਮਿਆਂ ਦੀ ਜਾਨ ਲੀਰੋ ਲੀਰ ਹੋਈ ਹੈ।[7]

'ਸਾਡੀ ਤੁਹਾਡੀ ਕਾਹਦੀ ਜੰਗ ਹੈ' ਨਾਮੀਂ ਕਵਿਤਾ ਵੀ ਗੁਰਭਜਨ ਗਿੱਲ ਦੀ ਬਹੁਤ ਪ੍ਰਸੰਗਿਕ ਕਵਿਤਾ ਹੈ। ਦਰਅਸਲ "ਗੁਰਭਜਨ ਗਿੱਲ ਇਸ ਪੁਸਤਕ ਰਾਹੀਂ ਪੰਜਾਬ ਦੀ ਵੰਡ ਨੂੰ ਲੈਣ ਕੇ ਜਜ਼ਬਾਤੀ ਉਦਾਸੀ ਦਾ ਸੰਚਾਰ ਨਹੀਂ ਕਰਦਾ, ਸਗੋਂ ਸਾਰੀ ਸਥਿਤੀ ਦਾ ਵਿਸ਼ਲੇਸ਼ਣੀ ਅਧਿਅਨ ਪੇਸ਼ ਕਰਦਾ ਹੈ। ਉਸ ਮੁਤਾਬਕ ਦੋਹੀਂ ਪਾਸੀਂ ਹਾਕਮਾਂ ਦਾ ਜਨਤਾ ਪ੍ਰਤਿ ਰਵੱਈਆ ਇੱਕੋ ਜਿਹਾ ਹੈ। ਆਰਥਿਕ ਪੱਛੜੇਪਨ ਦੇ ਨਾਲ ਨਾਲ ਬੌਧਿਕ ਗਰੀਬੀ ਨੂੰ ਕਾਇਮ ਰੱਖਣ ਲਈ ਉਚੇਚੇ ਯਤਨ ਕੀਤੇ ਜਾਂਦੇ ਹਨ। ਦੋਹੀਂ ਪਾਸੀਂ ਭੁੱਖ ਨੰਗੇ ਦਾ ਇਕੋ ਜਿਹਾ ਬੋਲ ਬਾਲਾ ਹੈ। ਕਵਿਤਾ 'ਸਾਡੀ ਤੁਹਾਡੀ ਕਾਹਦੀ ਜੰਗ ਹੈ' ਰਾਹੀਂ ਕਵੀ ਦੋਵਾਂ ਦੇਸ਼ਾਂ ਵਿਚਕਾਰ ਵਾਰ ਵਾਰ ਹੋਣ ਵਾਲੀਆਂ ਬੇਮਕਸਦ ਜੰਗਾਂ ਦੀ ਖਿੱਲੀ ਉਡਾਉਂਦਾ ਹੈ-"[8] ਕਵੀ ਅਨੁਸਾਰ ਆਜ਼ਾਦੀ ਖ਼ਾਤਰ ਲੜੀ ਗਈ ਜੰਗ ਆਮ ਅਵਾਮ ਲਈ ਕੋਈ ਮਾਇਨੇ ਨਹੀਂ ਰੱਖਦੀ ਹੈ। ਕਿਉਂਕਿ ਆਜ਼ਾਦੀ ਜਾਂ ਵੰਡ ਤੋਂ ਬਾਅਦ ਵੀ ਇਧਰ-ਉਧਰ ਤਬਦੀਲ ਹੋਏ ਲੋਕਾਂ ਦੀ ਦਸ਼ਾ, ਮਸਲੇ ਇੱਕੋ ਜਿਹੇ ਹੀ ਰਹਿੰਦੇ ਹਨ। ਕਵੀ ਅਨੁਸਾਰ ਭਾਵੇਂ ਲਹਿੰਦਾ ਪੰਜਾਬ ਸੀ ਭਾਵੇਂ ਚੜ੍ਹਦਾ, ਬਟਵਾਰੇ ਤੋਂ ਬਾਅਦ ਦੋਵੇਂ ਪਾਸੇ ਭੁੱਖ ਲੜਦੀ ਹੈ। ਕਵੀ ਦੋਵਾਂ ਪੰਜਾਬ ਦੇ ਲੋਕਾਂ ਨੂੰ ਧਰਮ ਦੇ ਨਾਂ ਉੱਤੇ ਲੜਾਉਣ ਵਾਲੇ ਸ਼ੈਤਾਨ ਦੀ ਹਕੀਕਤ ਨੂੰ ਸਾਹਮਣੇ ਲਿਆਉਣ ਦੀ ਮੰਗ ਕਰਦਾ ਹੈ। ਉਹ ਲੜਾਈ ਤੋਂ ਅਕਸਰ ਪਾਸੇ ਹਟ ਸੰਵਾਦ ਸਿਰਜਣ ਨੂੰ ਤਰਜੀਹ ਦਿੰਦਾ ਹੈ :

ਚਲੋ ਕਿ ਆਪਾਂ ਦੋਵੇਂ ਰਲ ਕੇ,
ਉਸ ਸ਼ੈਤਾਨ ਨੂੰ ਨੰਗਾ ਕਰੀਏ।
ਅਕਲਾਂ ਵਾਲੇ ਜੋ ਕਹਿੰਦੇ ਨੇ ਲਾਗੂ ਕਰੀਏ।[9]

ਇਸੇ ਤਰ੍ਹਾਂ ਕਵੀ ਦੋਵੇਂ ਪਾਸੇ ਦੀ ਅਵਾਮ ਨੂੰ ਆਪਣੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨ ਲਈ ਸੰਘਰਸ਼ ਕਰਨ ਵਾਲੇ ਪਾਸੇ ਮੋੜਦਾ ਹੋਇਆ, ਹਾਕਮ ਦੀ ਦੋਵਾਂ ਨੂੰ ਲੜਾਉਣ/ਮਰਾਉਣ ਵਾਲੀ ਸਾਜ਼ਿਸ਼ ਨੂੰ ਬੇਪਰਦ ਕਰਦਾ ਹੈ :

ਜਦ ਤੱਕ ਸਾਡੇ ਅਤੇ ਤੁਹਾਡੇ,
ਘਰ ਦੇ ਅੰਦਰ ਭੁੱਖ ਤੇ ਨੰਗ ਹੈ।
ਦਿਲ ਤੇ ਹੱਥ ਧਰ ਕੇ ਫਿਰ ਦੱਸਿਓ,
ਸਾਡੀ ਤੁਹਾਡੀ ਕਾਹਦੀ ਜੰਗ ਹੈ।[10]

ਲਹਿੰਦੇ ਪੰਜਾਬ ਪ੍ਰਤੀ ਮੋਹ ਗੁਰਭਜਨ ਗਿੱਲ ਦੀ ਸ਼ਾਇਰੀ ਵਿੱਚ ਹੀ ਨਹੀਂ ਬਲਕਿ ਉਸਦੀ ਨਿੱਜੀ ਜ਼ਿੰਦਗੀ ਵਿੱਚ ਵੀ ਦੇਖਿਆ ਜਾ ਸਕਦਾ ਹੈ। ਦਰਅਸਲ ਜੀਵਨ ਹੀ ਅਜਿਹਾ ਸਰੋਤ ਹੈ ਜਿਸ ਵਿਚੋਂ ਅਦੀਬ ਨੇ ਬਹੁਤ ਕੁਝ ਗ੍ਰਹਿਣ ਕਰਕੇ, ਉਸਨੂੰ ਆਪਣੀ ਸਿਰਜਣਾ ਦੇ ਸੰਸਾਰ ਵਿਚ ਰੂਪਾਂਤਰਿਤ ਕਰਨਾ ਹੁੰਦਾ ਹੈ। ਨਿਰਸੰਦੇਹ ਜੀਵਨ ਮੁੱਢਲਾ ਧਰਾਤਲ ਹੈ ਅਤੇ ਸਿਰਜਣਾ ਅਗਲੇ ਧਰਾਤਲ ਵਜੋਂ ਆਪਣਾ ਆਕਾਰ ਗ੍ਰਹਿਣ ਕਰਦੀ ਹੈ। ਕਹਿ ਸਕਦੇ ਹਾਂ ਕਿ ਕਵੀ ਆਪਣੇ ਚੁਗਿਰਦੇ ਵਿਚ ਜਿੰਨੀ ਡੂੰਘਾਈ ਨਾਲ ਵਿਚਰਿਆ ਹੋਵੇਗਾ, ਉਨੀ ਹੀ ਉਸਦੀ ਰਚਨਾ ਵਿਚਲੀ ਸੰਜੀਦਗੀ ਵਿਚ ਇਜ਼ਾਫ਼ਾ ਹੁੰਦਾ ਜਾਵੇਗਾ। ਕੋਈ ਵੀ ਖੋਲ ਵਿਚ ਕੈਦ ਹੋ ਕੇ ਮਹਾਨ ਸਿਰਜਣਾ ਨੂੰ ਜਨਮ ਨਹੀਂ ਦੇ ਸਕਦਾ। ਇਸ ਨੁਕਤੇ ਨੂੰ ਪੇਸ਼-ਏ-ਨਜ਼ਰ ਰੱਖਦਿਆਂ ਸਪੱਸ਼ਟ ਹੁੰਦਾ ਹੈ ਕਿ ਗੁਰਭਜਨ ਗਿੱਲ ਨੇ ਆਪਣੀਆਂ ਕਵਿਤਾਵਾਂ ਮਹਿਜ਼ ਚੜ੍ਹਦੇ ਪੰਜਾਬ ਦੀ ਧਰਤੀ ਵਿਚਲੇ ਆਪਣੇ ਘਰ ਦੀ ਚਾਰਦੀਵਾਰੀ ਵਿਚ ਮਹਿਫ਼ੂਜ਼ ਬੈਠ ਕੇ ਨਹੀਂ ਸਿਰਜੀਆਂ। ਬਲਕਿ ਉਹ ਅਨੇਕ ਵਾਰ ਲਹਿੰਦੇ ਪੰਜਾਬ ਦੀ ਧਰਤੀ ਤੋਂ ਹੋ ਕੇ ਆਇਆ ਹੈ। ਉਥੋਂ ਦੀ ਅਵਾਮ ਦੀਆਂ ਸਮੱਸਿਆਵਾਂ ਤੋਂ ਵੀ ਉਹ ਭਲੀਭਾਂਤ ਵਾਕਿਫ਼ ਹੈ। ਉਥੋਂ ਦੇ ਪੰਜਾਬੀ ਅਦੀਬਾਂ ਨਾਲ ਵੀ ਉਹ ਭਾਈਚਾਰਕ ਸਾਂਝ ਰੱਖਦਾ ਹੈ। ਉਹ ਆਪਣੇ ਆਪ ਵਿਚ ਹੀ ਰਿਸ਼ਤੇ-ਨਾਤੇ ਦਾ ਇਨਸਾਈਕਲੋਪੀਡੀਆ ਹਨ। ਪਾਕਿਸਤਾਨੀ ਪੰਜਾਬ ਬਾਰੇ ਲਿਖੀਆਂ ਅਨੇਕ ਕਵਿਤਾਵਾਂ ਵਿੱਚੋਂ ਉਸਨੇ ਕੁਝ ਕਵਿਤਾਵਾਂ ਪਾਕਿਸਤਾਨੀ ਪੰਜਾਬੀ ਅਦੀਬਾਂ ਨੂੰ ਸੰਬੋਧਿਤ ਹੋ ਕੇ ਸਿਰਜੀਆਂ ਹਨ। ਇਹਨਾਂ ਵਿੱਚੋਂ ਹੀ ਉਸਨੇ ਇਕ ਕਵਿਤਾ ਪਾਕਿਸਤਾਨੀ ਪੰਜਾਬੀ ਕਵਿਤਾ ਦੇ ਮਸ਼ਹੂਰ ਕਵੀ ਪ੍ਰੋਫ਼ੈਸਰ ਸ਼ਰੀਫ਼ ਕੁੰਜਾਹੀ ਨੂੰ ਸਮਰਪਿਤ ਕੀਤੀ ਹੈ। ਕੁੰਜਾਹੀ ਵੀ ਮਜ਼ਲੂਮ ਧਿਰ ਦਾ ਸ਼ਾਇਰ ਹੈ। ਉਸ ਦੀ ਰਚਨਾ ਵਿੱਚ ਵੀ ਵੰਡ ਦੇ ਇਸ ਦੁਖਾਂਤ ਨੂੰ ਬੜੀ ਤੀਬਰਤਾ ਨਾਲ ਪੇਸ਼ ਕੀਤਾ ਗਿਆ ਹੈ। ਗੁਰਭਜਨ ਗਿੱਲ ਆਪਣੀ "ਸਾਂਝਾ ਦੁੱਖ ਦਰਿਆ" ਕਵਿਤਾ ਰਾਹੀਂ ਕੁੰਜਾਹੀ ਨੂੰ ਸੰਬੋਧਨ ਹੁੰਦਾ ਆਪਣੇ ਸਾਂਝੇ ਦੁੱਖ-ਸੁੱਖ, ਪੀੜ-ਵਿਛੋੜੇ ਅਤੇ ਲੋਕ-ਨਾਇਕਾਂ ਦੀ ਬਾਤ ਪਾਉਂਦਾ ਹੈ। ਉਸ ਅਨੁਸਾਰ ਬੇਸ਼ੱਕ ਇਸ ਵੰਡ ਨੇ ਸਰੀਰਕ/ਪਦਾਰਥਕ ਤੌਰ 'ਤੇ ਸਾਨੂੰ ਵੱਖ-ਵੱਖ ਕਰ ਦਿੱਤਾ ਹੈ। ਪਰੰਤੂ, ਇਹ ਵੰਡ ਸਾਡੇ ਭਾਵਾਂ ਨੂੰ ਵੱਖ ਨਹੀਂ ਕਰ ਸਕੀ। ਅਰਥਾਤ ਹੱਦਾਂ-ਸਰਹੱਦਾਂ ਸਰੀਰਾਂ ਨੂੰ ਵੰਡ/ਦੂਰ ਕਰ ਸਕਦੀਆਂ ਹਨ ਮਨਾਂ, ਨੂੰ ਨਹੀਂ। ਸਾਡੇ ਭਾਵਾਂ ਦੀ ਸਾਂਝ ਅੱਜ ਤਕ ਕਾਇਮ ਹੈ। ਕਵੀ ਦੋਵਾਂ ਮੁਲਕਾਂ ਦੇ ਰਾਜਨੀਤਿਕ ਮਾਹੌਲ ਉੱਪਰ ਅਤੇ ਕਲਾਕਾਰਾਂ ਉੱਪਰ ਲੱਗੀਆਂ ਪਾਬੰਦੀਆਂ ਨੂੰ ਆਪਣੀ ਰਚਨਾ ਵਿੱਚ ਤਨਜ਼ੀਆ ਅੰਦਾਜ਼ ਰਾਹੀਂ ਬਿਆਨ ਕਰਦਾ ਹੈ :

ਤੇਰੇ ਸ਼ਹਿਰ ਦੇ ਹਾਕਮ ਵਾਂਗੂੰ, ਹਾਕਮ ਸਾਡਾ ਚੰਦਰਾ।
ਤਾਹੀਉਂ ਤੇਰੇ ਹੋਠਾਂ ਵਾਂਗੂੰ, ਮੇਰੇ ਹੋਠਾਂ ਜੰਦਰਾ।
ਲੱਖ ਜ਼ੰਜੀਰਾਂ ਹੋਵਣ ਭਾਵੇਂ, ਸਾਨੂੰ ਕੀਹ ਪ੍ਰਵਾਹ।[11]

ਬੇਸ਼ੱਕ ਹੱਦਾਂ-ਸਰਹੱਦਾਂ ਨੇ ਦੂਰੀ ਬਣਾ ਦਿੱਤੀ ਹੈ ਪਰੰਤੂ, ਕਵੀ ਅਨੁਸਾਰ ਪਾਕਿਸਤਾਨ ਵਿੱਚ ਸੁਸ਼ੋਭਿਤ ਨਨਕਾਣਾ ਸਾਹਿਬ ਉਹਨਾਂ ਦੇ ਮਨ ਮਸਤਕ 'ਚ ਕਾਇਮ ਹੈ। ਉਸਨੂੰ ਮਹਿਸੂਸ ਕਰਨ ਲਈ ਕੋਈ ਵੀ

ਹਕੂਮਤ ਉਸ ਨੂੰ ਰੋਕ ਨਹੀਂ ਸਕਦੀ। ਇਥੇ ਉਸਦੀ ਸਿਰਜਣਾ ਸਥੂਲਤਾ ਤੋਂ ਅੱਗੇ ਸੂਖਮ ਅਹਿਸਾਸਾਂ ਦੀ ਧਾਰਨੀ ਬਣ ਜਾਂਦੀ ਹੈ ਅਤੇ ਕਵਿਤਾ ਆਪਣੇ ਵਿਲੱਖਣ ਸੁਹਜ ਨੂੰ ਸਹਿਜੇ ਹੀ ਸਿਰਜ ਜਾਂਦੀ ਹੈ :

ਹੱਦਾਂ ਸਰਹੱਦਾਂ ਸਾਂਭ ਲਵੇ, ਮੈਂ ਵੀਜ਼ੇ ਪਰਮਿਟ ਕੀ ਕਰਨੇ।
ਦਿਲ ਅੰਦਰ ਝਾਤੀ ਮਾਰ ਲਵਾਂ, ਜਦ ਚਾਹਾਂ ਦਰਸ਼ਨ ਖ਼ੁਦ ਕਰਨੇ।
ਮੈਂ ਆਪਣੇ ਮਨ ਦਾ ਹਾਕਮ ਹਾਂ, ਜਿੱਥੇ ਕੋਈ ਨਾ ਚੌਂਕੀ, ਠਾਣਾ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀਂ ਨਨਕਾਣਾ।[12]

ਇਸੇ ਫ਼ਿਹਰਿਸਤ ਵਿੱਚ ਕਵੀ ਰਾਏ ਅਜ਼ੀਜ਼ ਉੱਲਾ ਖਾਂ ਦੇ ਨਾਮ ਵੀ ਇੱਕ ਕਵਿਤਾ ਲਿਖਦਾ ਹੈ। ਅਜ਼ੀਜ਼ ਦੇ ਪੁਰਖੇ ਵੀ ਆਪਣੀ ਧਰਤੀ ਚੜ੍ਹਦੇ ਪੰਜਾਬ ਨੂੰ ਛੱਡ ਕੇ, ਲਹਿੰਦੇ ਪੰਜਾਬ ਵੱਲ ਜਾਣ ਲਈ ਮਜਬੂਰ ਹੋ ਗਏ ਸਨ। ਗੁਰਭਜਨ ਗਿੱਲ ਆਪਣੇ ਅਤੇ ਅਜ਼ੀਜ਼ ਉੱਲਾ ਖਾਂ ਦਰਮਿਆਨ ਇਹੀ ਸਾਂਝ ਲੱਭਦਾ ਹੈ। ਰਾਏ ਅਜ਼ੀਜ਼ ਅੱਜ ਵੀ ਜਦੋਂ ਭਾਰਤ ਆਉਂਦਾ ਹੈ, ਉਹ ਵੀ ਗੁਰਭਜਨ ਗਿੱਲ ਵਾਂਗ ਸਾਂਝ ਦੀ ਗੱਲ ਕਰਦਾ, ਨਫਰਤਾਂ ਨੂੰ ਭੁਲਾ ਕੇ ਨੇੜੇ ਆਉਣ ਲਈ ਕਈ ਯਤਨ ਕਰਦਾ ਹੈ :

ਆ ਉਇ ਵੀਰਾ ! ਰਲ ਕੇ ਰੋਈਏ,
ਭਾਰ ਮੈਂ 'ਕੱਲਾ ਢੋਹ ਨਹੀਂ ਸਕਦਾ।
ਤਖ਼ਤਾਂ ਵਾਲੇ ਤਖ਼ਤ ਸੰਭਾਲਣ,
ਆ ਜਾ ਤੂੰ ਗਲ ਲੱਗ ਜਾ ਮੇਰੇ।[13]

ਗ਼ੌਰਤਲਬ ਹੈ ਕਿ ਵਿਅਕਤੀ ਵਿਸ਼ੇਸ਼ ਨੂੰ ਆਧਾਰ ਬਣਾ ਕੇ ਸਿਰਜੀਆਂ ਗਈਆਂ ਇਹਨਾਂ ਕਵਿਤਾਵਾਂ ਵਿਚ ਕਵੀ ਮਹਿਜ਼ ਵਿਅਕਤੀ ਵਿਸ਼ੇਸ਼ ਤਕ ਹੀ ਸੀਮਤ ਨਹੀਂ ਰਹਿੰਦਾ। ਬਲਕਿ ਉਹ ਵਿਅਕਤੀ ਵਿਸ਼ੇਸ਼ ਤੋਂ ਅੱਗੇ ਪੂਰੇ ਸਮੂਹ/ਭਾਈਚਾਰੇ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ। ਅਰਥਾਤ ਉਸਦੀ ਅਜਿਹੀ ਕਵਿਤਾ ਨਿੱਜ ਤਕ ਹੀ ਮਹਿਦੂਦ ਨਹੀਂ ਰਹਿੰਦੀ, ਸਗੋਂ ਠੀਕ ਮਾਇਨਿਆਂ ਵਿਚ ਨਿੱਜ ਤੋਂ ਪਾਰ ਫੈਲ ਜਾਂਦੀ ਹੈ।

ਇਸੇ ਤਰ੍ਹਾਂ ਕਵੀ ਆਪ ਭਾਵੇਂ ਉਸ ਧਰਤੀ ਦਾ ਜੰਮਪਲ ਨਹੀਂ ਪਰ ਫਿਰ ਵੀ ਉਸ ਨੂੰ ਆਪਣੇ ਪੁਰਖਿਆਂ ਦੀ ਧਰਤੀ ਨੂੰ ਦੇਖਣ ਦੀ ਪੂਰੀ ਚਾਹਤ ਹੈ। ਲਹਿੰਦੇ ਪੰਜਾਬ ਦਾ ਸੱਭਿਆਚਾਰ ਇਥੋਂ ਤਕ ਉਸਦੇ ਅੰਦਰ ਘਰ ਕਰ ਚੁੱਕਿਆ ਹੈ ਕਿ ਉਸਨੂੰ ਉਸ ਧਰਤੀ ਦੇ ਨਕਸ਼ੇ ਵਿਚਲੀ ਇਕੱਲੀ ਇਕੱਲੀ ਥਾਂ ਦੇ ਨਾਮ ਅਤੇ ਉਸਦੀ ਖ਼ਾਸੀਅਤ ਤਕ ਦਾ ਇਲਮ ਹੈ। ਅਜਿਹੇ ਸਮੇਂ ਉਹ ਵੱਖ-ਵੱਖ ਥਾਵਾਂ ਦੇ ਨਾਂ ਲੈਂਦਾ, ਉਥੋਂ ਦੀ ਸਥਾਨਕ ਸਭਿਆਚਾਰਕ ਖ਼ਾਸੀਅਤ ਬਿਆਨ ਕਰਦਾ ਹੋਇਆ, ਆਪਣੇ ਜੱਦੀ ਪਿੰਡ ਦਾ ਜ਼ਿਕਰ ਵੀ ਕਰਦਾ ਹੈ:

ਪੈਰੀਂ ਜੁੱਤੀ ਨਾਰੋਵਾਲ ਦੀ, ਮਿਲੀ ਨਾ ਕਿਤਿਓਂ ਇਹਦੇ ਨਾਲ ਦੀ।[14]

ਦਰਅਸਲ ਜਿਸ ਤਰ੍ਹਾਂ ਕਿਸੇ ਮਨੁੱਖ ਦੇ ਅੰਦਰ ਆਪਣੇ ਪੁਰਖਿਆਂ ਦਾ ਲਹੂ ਦੌੜ ਰਿਹਾ ਹੁੰਦਾ ਹੈ, ਉਸੇ ਤਰ੍ਹਾਂ ਕਿਸੇ ਅਦੀਬ ਅੰਦਰ ਆਪਣੇ ਪੁਰਖਿਆਂ ਦਾ ਲਹੂ ਅਤੇ ਯਾਦਾਂ ਦੌੜ ਰਹੀਆਂ ਹੁੰਦੀਆਂ ਹਨ। ਇਹ ਯਾਦਾਂ ਉਸਦੇ ਅੰਦਰ ਪਿੱਤਰਾਂ ਦੀ ਜ਼ਿੰਮੇਵਾਰੀ ਦੇ ਅਹਿਸਾਸ ਨੂੰ ਸਦਾ ਆਬਾਦ ਰੱਖਦੀਆਂ ਹਨ। ਕੋਈ ਵੀ ਅਦੀਬ ਆਪਣੀ ਪਰੰਪਰਾ ਵਿਚਲੀ ਸਾਂਝ ਨੂੰ ਸਿਰਜਦਾ ਹੋਇਆ, ਆਪਣੇ ਪੁਰਖਿਆਂ ਦੇ ਰਿਣ ਨੂੰ ਹੀ ਹੌਲ਼ਾ ਕਰ ਰਿਹਾ ਹੁੰਦਾ ਹੈ। ਗੁਰਭਜਨ ਗਿੱਲ ਦੀ ਕਵਿਤਾ ਵਿਚਲੇ ਅਹਿਸਾਸਾਂ ਜਿਹੇ ਹਵਾਲੇ ਸਾਨੂੰ ਪਾਕਿਸਤਾਨੀ ਪੰਜਾਬੀ ਸ਼ਾਇਰੀ ਵਿੱਚੋਂ ਵੀ ਲੱਭ ਜਾਂਦੇ ਹਨ। ਮਸਲਨ ਡਾਕਟਰ ਜਮਾਲੁਦੀਨ ਜਮਾਲ , ਜਿਨ੍ਹਾਂ ਦਾ ਪਰਿਵਾਰ ਇਧਰੋਂ ਉੱਠ ਕੇ ਪਾਕਿਸਤਾਨ ਚਲਾ ਜਾਂਦਾ ਹੈ, ਆਪਣੀ ਧਰਤੀ ਪ੍ਰਤੀ ਹੇਰਵੇ ਨੂੰ ਆਪਣੀ ਸ਼ਾਇਰੀ ਵਿਚ ਇਸੇ ਤਰ੍ਹਾਂ ਹੀ ਪ੍ਰਗਟਾਉਂਦਾ ਹੈ । ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਅਜਿਹੀ ਮਨੋ ਦਸ਼ਾ ਪੰਜਾਬ ਦੇ ਹਰੇਕ ਬਾਸ਼ਿੰਦੇ ਦੀ ਹੈ, ਜਿਸਨੂੰ ਅਦੀਬ ਲੋਕ ਜ਼ੁਬਾਨ ਦਿੰਦੇ ਰਹਿੰਦੇ ਹਨ :

ਸੁਣਿਐ ਤਿਰੇ ਬਹਿਸ਼ਤ ਵਿਚ ਕੋਈ ਕਮੀ ਨਹੀਂ,
ਯਾ ਰੱਬਾ ! ਕੀ ਉਥੇ ਹੈਨ ਦਸੂਹਾ ਮੁਕੇਰੀਆਂ।[15]

ਗੁਰਭਜਨ ਗਿੱਲ ਸੱਭਿਆਚਾਰਕ ਸਾਂਝ ਦੀ ਬਾਤ ਪਾਉਣ ਵਾਲਾ ਕਵੀ ਹੈ। ਉਹ ਇਸ ਸਾਂਝ ਦੇ ਸੂਤਰ ਨੂੰ ਆਪਣੀ ਪਰੰਪਰਾ ਵਿੱਚੋਂ ਬਾਰੰਬਾਰ ਉਭਾਰਦਾ ਹੈ। ਉਹ ਬਾਬਾ ਨਾਨਕ, ਭਾਈ ਮਰਦਾਨਾ, ਗੁਰੂ ਅਰਜਨ ਦੇਵ, ਮੀਆਂ ਮੀਰ  ਅਤੇ ਭਾਈ ਕਨ੍ਹਈਆ ਆਦਿ ਮਹਾਨ ਸ਼ਖ਼ਸੀਅਤਾਂ ਦੇ ਹਵਾਲੇ ਨਾਲ ਇਸ ਸੱਭਿਆਚਾਰਕ ਸਹਿਹੋਂਦ ਨੂੰ ਉਜਾਗਰ ਕਰਦਾ ਹੈ। ਉਹ ਪੰਜਾਬ ਅੰਦਰ ਵਿਕਰਾਲ ਰੂਪ ਧਾਰਨ ਕਰ ਚੁੱਕੇ ਮਜ਼ਹਬੀ ਸੰਕਟਾਂ ਅਤੇ ਹੋਰ ਵਰਤਮਾਨ ਸੰਕਟਾਂ ਨਾਲ ਨਜਿੱਠਣ ਲਈ ਪ੍ਰਤਿਮਾਨ ਵਿਰਸੇ ਵਿੱਚੋਂ ਹੀ ਗ੍ਰਹਿਣ ਕਰਦਾ ਹੈ। ਜਿਵੇਂ ਅੰਮ੍ਰਿਤਾ ਪ੍ਰੀਤਮ ਪੰਜਾਬ ਵੰਡ ਦੇ ਸੰਕਟ ਵੇਲੇ 'ਵਾਰਿਸ ਸ਼ਾਹ' ਨੂੰ ਆਵਾਜ਼ਾਂ ਮਾਰਦੀ ਹੈ, ਉਸੇ ਤਰ੍ਹਾਂ ਗੁਰਭਜਨ ਗਿੱਲ ਬਾਬਾ ਨਾਨਕ, ਭਾਈ ਮਰਦਾਨੇ, ਮੀਆਂ ਮੀਰ, ਗੁਰੂ ਅਰਜਨ ਦੇਵ, ਭਾਈ ਕਨ੍ਹਈਆ ਆਦਿ ਦੀ ਵਿਚਾਰਧਾਰਾ ਦਾ ਕਾਵਿਕ ਰੂਪਾਂਤਰਨ ਕਰਦਾ, ਵਰਤਮਾਨ ਦੇ ਹਰ ਸੰਕਟ ਦਾ ਹੱਲ ਵਿਰਸੇ ਵਿੱਚੋਂ ਲੱਭਣ ਦਾ ਯਤਨ ਕਰਦਾ ਹੈ :

ਸੁਣ ਲਉ ਪੁੱਤਰੋ ! ਤੁਹਾਡੇ ਵਿਰਸੇ ਦਾ ਮੈਂ ਸੋਹਣਿਓਂ,
ਚਸ਼ਮਦੀਦ ਖ਼ੁਦ ਆਪ ਗਵਾਹ ਹਾਂ।
ਅਰਜਨ ਗੁਰ ਸੀ ਮੇਰੀ ਧੜਕਣ,
ਤੇ ਮੈਂ ਉਸਦੇ ਜਿਸਮ ਚ ਤੁਰਦੀ ਤੋਰ ਨਿਰੰਤਰ,
ਵਾਹਿਗੁਰੂ, ਅੱਲ੍ਹਾ, ਰਾਮ ਦਾ ਦਮ ਦਮ ਤੁਰਦਾ ਸਾਹ ਹਾਂ।[16]

ਉਪਰੋਕਤ ਕਾਵਿ-ਬੰਦ ਦੀ ਤਹਿ ਹੇਠ ਧਰਮ ਨਿਰਪੱਖ ਨਜ਼ਰੀਆ ਅਜਿਹੇ ਸੂਤਰ ਵਜੋਂ ਪੇਸ਼ ਹੋਇਆ ਹੈ ਜਿਸਨੂੰ ਧਾਰਨ ਕਰਕੇ, ਅਸੀਂ ਹਰ ਤਰ੍ਹਾਂ ਦੀ ਕੱਟੜਤਾ ਤੋਂ ਮੁਕਤ ਹੋ ਕੇ, ਸਿਹਤਯਾਬ ਸਮਾਜ ਦੀ ਸਿਰਜਣਾ

ਕਰ ਸਕਦੇ ਹਾਂ। ਇਥੇ ਉਹ ਇਕ ਜ਼ਿੰਮੇਵਾਰ ਅਦੀਬ ਦੀ ਤਰ੍ਹਾਂ ਸਮੂਹ ਅਵਾਮ ਨੂੰ ਭਾਈਚਾਰਕ ਸਾਂਝ ਦੀ ਤੰਦ ਵਿਚ ਬੰਨ੍ਹ ਰਿਹਾ ਹੈ। ਇਸੇ ਹੀ ਲੜੀ ਤਹਿਤ ਕਵੀ ਉਪਰੋਕਤ ਕਵਿਤਾ 'ਮੀਆਂ ਮੀਰ ਉਦਾਸ ਖੜ੍ਹਾ ਹੈ' ਵਿੱਚ ਉਸ ਘਟਨਾ ਦਾ ਜ਼ਿਕਰ ਵੀ ਕਰਦਾ ਹੈ, ਜਦੋਂ ਭਾਈ ਮਰਦਾਨੇ ਦੇ ਪਰਿਵਾਰ ਵਿੱਚੋਂ ਭਾਈ ਲਾਲ ਅਤੇ ਭਾਈ ਚਾਂਦ ਜੀ ਨੂੰ ਹਰਿਮੰਦਰ ਸਾਹਿਬ ਅੰਦਰ ਕੀਰਤਨ ਕਰਨ ਤੋਂ ਵਰਜਿਆ ਗਿਆ ਸੀ। ਬਾਬੇ ਨਾਨਕ ਦੀ ਬਾਣੀ ਅਤੇ ਭਾਈ ਮਰਦਾਨੇ ਦੀ ਰਬਾਬ ਦੀ ਸ਼ਬਦ ਅਤੇ ਸੁਰ ਦੀ ਸਦੀਵੀ ਸਾਂਝ ਹੈ, ਜਿਸ ਨੂੰ ਖੰਡ-ਖੰਡ ਨਹੀਂ ਕੀਤਾ ਜਾ ਸਕਦਾ। ਇੱਥੇ ਉਹ ਇਹ ਵੀ ਇਸ਼ਾਰਾ ਕਰਦਾ ਹੈ ਕਿ ਵੰਡੀਆਂ ਪਾਉਣਾ ਆਦਿ ਸਭ ਸਿਆਸਤ ਦੀਆਂ ਖੇਡਾਂ ਹਨ। ਕਵੀ ਨੂੰ ਅਹਿਸਾਸ ਹੈ ਕਿ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿੱਚ ਧਰਮ ਉੱਪਰ ਰਾਜਨੀਤੀ ਭਾਰੂ ਪੈ ਰਹੀ ਹੈ, ਜਿਸ ਕਰਕੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ :

ਜਿਸ ਧਰਤੀ ਤੋਂ ਉਹ ਆਏ ਸੀ,
ਓਥੇ ਵੀ ਫੁੱਲਾਂ ਦੀ ਇਹ ਹੈ ਫ਼ਸਲ ਅਖ਼ੀਰੀ,
ਦੋਹੀਂ ਪਾਸੀਂ ਭਾਰੂ ਅੱਜ 'ਪੀਰੀ' ਪੁਰ ਮੀਰੀ।[17]

ਗੁਰਭਜਨ ਗਿੱਲ ਦੇ ਉਪਰੋਕਤ ਕਾਵਿਕ ਨਜ਼ਰੀਏ ਨੂੰ ਪਛਾਣਦੇ ਹੋਏ ਡਾ. ਆਤਮਜੀਤ ਸਿੰਘ ਨੇ ਦਰੁੱਸਤ ਲਿਖਿਆ ਹੈ ਕਿ "ਉਹ ਦੋਹਾਂ ਪੰਜਾਬਾਂ ਦੇ ਲੋਕਾਂ ਨੂੰ ਧਰਮ ਦੇ ਨਾਂ ਤੇ ਲੜਾਉਣ ਦੀ ਨੀਤੀ ਦਾ ਪਰਦਾ ਚੁੱਕ ਕੇ ਸੰਵਾਦ ਦੀ ਮੰਗ ਕਰਦਾ ਹੈ।"[18] ਨਿਰਸੰਦੇਹ ਕਵੀ ਇਸ ਰਾਜਸੀ ਜਾਗ੍ਰਿਤੀ ਨੂੰ ਹਿੰਸਾ 'ਚ ਰੂਪਾਂਤਰਿਤ ਕਰਨ ਦੀ ਬਜਾਏ ਸੰਵਾਦ ਦੇ ਰਾਹ ਉੱਤੇ ਤੋਰਨ ਦੀ ਨਸੀਹਤ ਦਿੰਦਾ ਹੈ :

ਭਟਕਦਿਆਂ ਮਰ ਜਾਵਣ ਨਾ ਇਹ, ਬਚਪਨ ਦੇ ਜੋ ਹਾਣੀ।
ਮਿਲੀਏ, ਚਲੋ ਮਿਲਾਈਏ, ਸਤਿਲੁਜ ਨਾਲ ਬਿਆਸ ਦਾ ਪਾਣੀ।
ਉਨ੍ਹਾਂ ਨੂੰ ਸਮਝਾਈਏ ਜਿਹੜੇ, ਬਣੇ ਗੁਲਾਮ ਲਕੀਰਾਂ ਦੇ।[19]

ਵਰਤਮਾਨ ਪ੍ਰਸੰਗ ਵਿੱਚ ਗੱਲ ਕਰੀਏ ਤਾਂ ਕਵੀ ਇਸ ਵੰਡ ਸਦਕਾ ਬਣੀਆਂ ਸਰਹੱਦਾਂ ਅਤੇ ਉਹਨਾਂ ਦੀ ਰਾਖੀ ਲਈ ਤੈਨਾਤ ਫੌਜੀ ਜਵਾਨਾਂ ਦੀ ਸਥਿਤੀ ਨੂੰ ਵੀ ਬਿਆਨ ਕਰਦਾ ਹੈ। ਨਫ਼ਰਤਾਂ ਦੇ ਬੀਜ ਵਿੱਚੋਂ ਉਪਜਦੀਆਂ ਜਵਾਨਾਂ ਦੀਆਂ ਮੌਤਾਂ ਦਾ ਕਾਵਿਕ ਰੂਪਾਂਤਰਨ ਕਰਦਿਆਂ ਕਵੀ ਦੀ ਕਲਮ ਸੰਵੇਦਨਾ ਸੰਗ ਲਬਰੇਜ਼ ਹੁੰਦੀ ਹੋਈ, ਕਾਵਿ ਅੰਦਰਲੇ ਸਰੋਕਾਰਾਂ ਨੂੰ ਹੋਰ ਸੰਜੀਦਾ ਕਰਦੀ ਹੈ :

ਕਰੂ ਕਮਾਈਆਂ ਸੋਚਿਆ, ਪੁੱਤ ਗੱਭਰੂ ਕਰਕੇ।
ਸਰਹੱਦਾਂ ਵੱਲ ਤੋਰਿਆ, ਦਿਲ ਪੱਥਰ ਧਰ ਕੇ।
ਰੀਝਾਂ ਵਾਲੇ ਖੇਤ ਨਾ, ਹੁਣ ਕਬਰ ਬਣਾਇਉ।
ਹਾੜਾ ! ਵਤਨਾਂ ਵਾਲਿਉ, ਨਾ ਕਹਿਰ ਕਮਾਇਉ।[20]

ਇਸ ਵੰਡ ਨੇ ਭਾਰਤ ਦੇ ਦੋ ਸੂਬਿਆਂ ਪੰਜਾਬ ਅਤੇ ਬੰਗਾਲ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਇਹਨਾਂ ਦੋਵਾਂ ਸੂਬਿਆਂ ਦੇ ਦੋ ਟੋਟੇ ਹੋਏ ਹਨ। ਅਤੀਤ ਅਤੇ ਵਰਤਮਾਨ ਵਿੱਚ ਵੀ ਇਹਨਾਂ ਦੋਹਾਂ ਸੂਬਿਆਂ ਵਿੱਚੋਂ ਹੀ ਬਗ਼ਾਵਤ ਉੱਠੀ ਅਤੇ ਉੱਠ ਰਹੀ ਹੈ। ਇਤਿਹਾਸ ਗਵਾਹ ਹੈ ਕਿ ਜਬਰ-ਜ਼ੁਲਮ ਦੇ ਖ਼ਿਲਾਫ਼ ਇਹ ਦੋਵੇਂ ਸੂਬੇ ਡੱਟ ਕੇ ਖੜੇ ਰਹਿੰਦੇ ਰਹੇ ਹਨ ਅਤੇ ਇਸੇ ਕਰਕੇ ਹਕੂਮਤ ਦੀਆਂ ਅੱਖਾਂ ਵਿਚ ਰੜਕਦੇ ਰਹੇ ਹਨ :

ਥੋੜੀ ਕੀਤੇ ਟੁੱਟਦੇ ਨਾ, ਭੁਰਦੇ ਨਾ ਭੋਰਾ ਵੀ ਉਹ,
ਹਾੜ੍ਹ ਸਾੜੇ ਚੰਮ ਜੀਹਦਾ, ਪਲ਼ੇ ਮੰਦਹਾਲੀਆਂ ’ਚ।
ਸੰਨ ਸੰਤਾਲੀ ਵੇਲੇ ਲੱਕੋਂ ਚੀਰੇ, ਫੇਰ ਉੱਗੇ,
ਇੱਕੋ ਹੀ ਤਾਸੀਰ ਹੈ ਪੰਜਾਬੀਆਂ ਬੰਗਾਲੀਆਂ ’ਚ।[21]

**ਖ਼ੈਰ ਪੰਜਾਂ ਪਾਣੀਆਂ ਦੀ** ਕਾਵਿ-ਸੰਗ੍ਰਹਿ ਦੀ ਪੜ੍ਹਤ ਉਪਰੰਤ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਭਜਨ ਗਿੱਲ ਇਸ ਸੰਗ੍ਰਹਿ ਵਿਚ ਪੰਜਾਬ ਦੀ ਵੰਡ ਦੇ ਮਹਿਜ਼ ਬਿੰਬ ਹੀ ਨਹੀਂ ਸਿਰਜਦਾ। ਬਲਕਿ ਵੰਡ ਦੀ ਗਹਿਨ ਸੰਰਚਨਾ ਵਿਚ ਕਿਰਿਆਸ਼ੀਲ ਕਾਰਨਾਂ, ਪੈਦਾ ਹੋਏ ਸੰਕਟਾਂ ਅਤੇ ਉਹ ਇਹਨਾਂ ਸੰਕਟਾਂ ਵਿੱਚੋਂ ਬਾਹਰ ਨਿਕਲਣ ਦੇ ਰਸਤਿਆਂ ਨੂੰ ਵੀ ਸੁਝਾਉਂਦਾ ਹੈ। ਹਰ ਤਰ੍ਹਾਂ ਦੀਆਂ ਵੰਡਾਂ-ਵਿਤਕਰਿਆਂ ਤੋਂ ਮੁਕਤ ਹੋ ਕੇ ਉਹ ਕਿਸੇ ਨੂੰ ਹਿੰਦੂ, ਮੁਸਲਮਾਨ ਅਤੇ ਸਿੱਖ ਵਜੋਂ ਵੇਖਣ ਵਾਲੇ ਸੰਕੀਰਨ ਸੰਪ੍ਰਦਾਇਕ ਨਜ਼ਰੀਏ ਦੀ ਮੁਖ਼ਾਲਫ਼ਤ ਕਰਦਾ ਹੋਇਆ, ਹਰੇਕ ਨੂੰ ਮਨੁੱਖ ਸਮਝਣ ਵਾਲੇ ਤੰਦਰੁਸਤ ਨਜ਼ਰੀਏ ਨੂੰ ਆਪਣੇ ਕਾਵਿ ਵਿਚ ਬਾਰੰਬਾਰ ਸਿਰਜਦਾ ਹੈ। ਇੰਝ ਉਹ ਮਜ਼ਹਬੀ ਕੱਟੜਤਾ ਦੇ ਪ੍ਰਤਿਕੂਲ ਧਰਮ-ਨਿਰਪੱਖਤਾ, ਭਾਈਚਾਰਕ ਸਾਂਝ ਅਤੇ ਸਭਿਆਚਾਰਕ ਸਹਿਹੋਂਦ ਵਰਗੇ ਮਨੁੱਖ ਨੂੰ ਮਨੁੱਖ ਨਾਲ ਜੋੜਨ ਵਾਲੇ ਸੰਕਲਪਾਂ ਨੂੰ ਸਿਰਜਦਾ ਹੈ। ਅਜਿਹੇ ਸਮੇਂ ਉਸਦੀ ਮਾਨਵ ਹਿਤੈਸ਼ੀ ਵਿਚਾਰਧਾਰਾ ਸਪੱਸ਼ਟ ਰੂਪ ਵਿਚ ਉਜਾਗਰ ਹੁੰਦੀ ਹੈ ਅਤੇ ਉਸਦਾ ਕਾਵਿ ਸੱਤਾ ਵਿਰੋਧੀ ਪ੍ਰਵਚਨ ਦਾ ਧਾਰਨੀ ਬਣ ਜਾਂਦਾ ਹੈ। ਉਹ ਵਰਤਮਾਨ ਬੰਦੇ ਅੱਗੇ ਦਰਪੇਸ਼ ਸੰਕਟਾਂ ਨਾਲ ਨਜਿੱਠਣ ਲਈ ਵਿਰਸੇ ਵਿੱਚੋਂ ਪ੍ਰਤਿਮਾਨ ਗ੍ਰਹਿਣ ਕਰਨ ਦਾ ਮਾਡਲ ਵੀ ਸੁਝਾਉਂਦਾ ਹੈ।

# ਹਵਾਲੇ


1. ਡਾ. ਕਰਨੈਲ ਸਿੰਘ ਥਿੰਦ, **ਪਾਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜ਼ਾ**, ਪੰਨਾ VII.
2. ਰਾਜਮੋਹਨ ਗਾਂਧੀ, **ਪੰਜਾਬ : ਔਰੰਗਜ਼ੇਬ ਤੋਂ ਮਾਊਂਟਬੈਟਨ ਤਕ ਦਾ ਇਤਿਹਾਸ**, ਪੰਨਾ 372.
3. ਗੁਰਭਜਨ ਗਿੱਲ, **ਖ਼ੈਰ ਪੰਜਾਂ ਪਾਣੀਆਂ ਦੀ,** ਪੰਨਾ 142.
4. ਉਹੀ, ਪੰਨਾ 75.
5. ਉਹੀ, ਪੰਨੇ 34-35.
6. ਉਹੀ, ਪੰਨਾ 35.
7. **ਸੰਤ ਰਾਮ ਉਦਾਸੀ ਸ਼ਖ਼ਸੀਅਤ ਅਤੇ ਸਮੁੱਚੀ ਰਚਨਾ**, ਅਜਮੇਰ ਸਿੱਧੂ ਅਤੇ ਇਕਬਾਲ ਕੌਰ ਉਦਾਸੀ (ਸੰਪਾ.), ਪੰਨਾ 52.
8. ਜਸਵੰਤ ਜ਼ਫ਼ਰ, "ਖ਼ੈਰ ਪੰਜਾਂ ਪਾਣੀਆਂ ਦੀ", ਅਣਪ੍ਰਮਾਣਿਤ ਮਜ਼ਮੂਨ
9. ਗੁਰਭਜਨ ਗਿੱਲ, **ਖ਼ੈਰ ਪੰਜਾਂ ਪਾਣੀਆਂ ਦੀ**, ਪੰਨਾ 49.
10. ਉਹੀ, ਪੰਨਾ 47.
11. ਉਹੀ, ਪੰਨਾ 40.
12. ਉਹੀ, ਪੰਨਾ 115.
13. ਉਹੀ, ਪੰਨਾ 33.
14. ਉਹੀ, ਪੰਨਾ 58.
15. ਉਧਰਿਤ, ਡਾ. ਗੁਰਇਕਬਾਲ ਸਿੰਘ, **ਪੰਜਾਬੀ ਕਵਿਤਾ : ਨਵੇਂ ਪਰਿਪੇਖ ਤੇ ਪਾਸਾਰ,** ਪੰਨਾ 47.
16. ਗੁਰਭਜਨ ਗਿੱਲ, **ਖ਼ੈਰ ਪੰਜਾਂ ਪਾਣੀਆਂ ਦੀ**, ਪੰਨਾ 20.
17. ਉਹੀ, ਪੰਨਾ 21.
18. ਡਾ. ਆਤਮਜੀਤ ਸਿੰਘ, "ਸਮਾਜਿਕ ਸਰੋਕਾਰਾਂ ਵਾਲਾ ਸੁਗੰਧ ਕਾਵਿ : **ਫੁੱਲਾਂ ਦੀ ਝਾਂਜਰ**" (ਭੂਮਿਕਾ), ਗੁਰਭਜਨ ਗਿੱਲ, **ਫੁੱਲਾਂ ਦੀ ਝਾਂਜਰ,** ਪੰਨਾ 4.
19. ਗੁਰਭਜਨ ਗਿੱਲ, **ਖ਼ੈਰ ਪੰਜਾਂ ਪਾਣੀਆਂ ਦੀ**, ਪੰਨਾ 75.
20. ਉਹੀ, ਪੰਨਾ 119.
21. ਉਹੀ, ਪੰਨਾ 123.